بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 11.09.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਬਿਲਾਲ ਬਿਨ ਰਿਬਾਹ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 11 ਸਤੰਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔
بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعَالَمِيْنَ۔ اَلرَّحْمٰنِ الرَّحِيْمِ۔ مَالِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔
اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਜਿਹੜੇ ਬਦਰ ਦੇ ਸਹਾਬੀ ਦਾ ਜ਼ਿਕਰ ਕਰਾਂਗਾ ਉਹ ਹਜ਼ਰਤ ਬਿਲਾਲ ਬਿਨ ਰਿਬਾਹ ਹਨ । ਹਜ਼ਰਤ ਬਿਲਾਲ ਉਮਯੱਾ ਬਿਨ ਖ਼ਲਫ਼ ਦੇ ਗ਼ੁਲਾਮ ਸਨ । ਹਜ਼ਰਤ ਬਿਲਾਲ ਦਾ ਰੰਗ ਕਣਕ ਭਿੰਨਾ ਸਾਵਲਾ ਸੀ । ਦੁਬਲਾ ਪਤਲਾ ਸ਼ਰੀਰ ਸੀ ਸਿਰ ਦੇ ਵਾਲ ਘਣੇ ਸਨ ਅਤੇ ਗਲੱਾਂ'ਤੇ ਮਾਸ ਬਹੁਤ ਘੱਟ ਸੀ । ਹਜ਼ਰਤ ਬਿਲਾਲ ਨੇ ਕਈ ਵਿਆਹ ਕੀਤੇ । ਇਹਨਾ ਦੀਆਂ ਕਈ ਪਤਨੀਆ ਅਰਬ ਦੇ ਅਤਿਅੰਤ ਸ਼ਰੀਫ਼, ਉੱਚੇ ਤੇ ਸਨਮਾਨ ਯੋਗ ਘਰਾਣਿਆਂ ਨਾਲ ਸੰਬੰਧ ਰਖੱਦੀਆਂ ਸਨ । ਆਪ ਦੀ ਇਕ ਪਤਨੀ ਦਾ ਨਾਂ ਹਾਲਾ ਬਿੰਤ ਔਫ਼ ਸੀ ਜੋ ਹਜ਼ਰਤ ਅਬਦੁਰ ਰਹਮਾਨ ਬਿਨ ਔਫ਼ ਦੀ ਭੈਣ ਸਨ । ਹਜ਼ਰਤ ਬਿਲਾਲ ਦੇ ਇਕ ਭਰਾ ਸਨ ਜਿੰਨ੍ਹਾ ਦਾ ਨਾਂ ਖ਼ਾਲਿਦ ਸੀ ਅਤੇ ਇਕ ਭੈਣ ਸੀ ਜਿਸ ਦਾ ਨਾਂ ਗ਼ਫ਼ੀਰਾ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਬਿਲਾਲ 'ਸਾਬਿਕੁਲ ਹਬਸ਼ਾ' ਹਨ ਅਰਥਾਤ ਹਬਸ਼ਾ ਵਾਸੀਆਂ ਵਿੱਚੋਂ ਸਭ ਤੋਂ ਪਹਿਲਾਂ ਇਸਲਾਮ ਲਿਆਉਣ ਵਾਲੇ ਹਨ ।

ਉਰਵਾ ਬਿਨ ਜ਼ੁਬੈਰ ਤੋਂ ਰਿਵਾਇਤ ਹੈ ਕਿ ਹਜ਼ਰਤ ਬਿਲਾਲ ਜੱਦ ਇਮਾਨ ਲਿਆਏ ਤਾਂ ਇਨਹਾ ਨੂੰ ਅਜ਼ਾਬ (ਦੰਡ) ਦਿਤੱਾ ਜਾਂਦਾ ਸੀ ਕਿ ਉਹ ਆਪਣੇ ਦੀਨ ਤੋਂ ਫ਼ਿਰ ਜਾਣ ਪਰ ਉਹਨਾ ਨੇ ਕਦੇ ਵੀ ਉਹਨਾ ਦੇ ਸਾਹਮਣੇ ਉਹ ਵਾਕ ਨ ਬੋਲਿਆ ਜੋ ਉਹ ਬੁਲਾਉਂਣਾ ਚਾਹੁੰਦੇ ਸਨ ਅਰਥਾਤ ਰੱਬ ਦਾ ਇਨਕਾਰ ਕਰਨਾ । ਜੱਦ ਲੋਕ ਹਜ਼ਰਤ ਬਿਲਾਲ ਦੇ ਦੰਡ ਦੇਣ ਵਿੱਚ ਸਖ਼ਤੀ ਕਰਦੇ ਤਾਂ ਹਜ਼ਰਤ ਬਿਲਾਲ ਅਹਦ ਅਹਦ (ਅਰਥਾਤ ਰੱਬ ਇਕ ਹੈ) ਕਹਿੰਦੇ ।

ਇਕ ਰਿਵਾਇਤ ਵਿੱਚ ਹੈ ਕਿ ਜੱਦ ਹਜ਼ਰਤ ਬਿਲਾਲ ਇਮਾਨ ਲਿਆਏ ਤਾਂ ਹਜ਼ਰਤ ਬਿਲਾਲ ਨੂੰ ਉਹਨਾ ਦੇ ਮਾਲਕਾਂ ਨੇ ਫੜਕੇ ਧਰਤੀ'ਤੇ ਲੰਮੇ ਪਾ ਦਿਤੱਾ ਅਤੇ ਉਹਨਾ'ਤੇ ਪਥੱਰ, ਰੋੜ੍ਹੀ ਤੇ ਗਾਂ ਦੇ ਖੱਲ੍ਹ ਪਾ ਦਿੱਤੀ ਅਤੇ ਕਹਿਣ ਲੱਗੇ ਕਿ ਤੁਹਾਡਾ

ਰੱਬ ਲਾਤ ਤੇ ਉਜ਼ਾ ਹੈ ਪਰ ਆਪ ਅਹਦ ਅਹਦ ਹੀ ਕਹਿੰਦੇ ਸਨ । ਇਹਨਾ ਦੇ ਮਾਲਕਾਂ ਕੋਲ ਹਜ਼ਰਤ ਅਬੂ ਬਕਰ ਆਏ ਅਤੇ ਕਿਹਾ ਕਿ ਕੱਦ ਤੱਕ ਤੁਸੀਂ ਇਸ ਵਿਅਕਤੀ ਨੂੰ ਕਸ਼ਟ ਦਿੰਦੇ ਰਹੋਗੇ । ਹਜ਼ਰਤ ਅਬੂਬਕਰ ਨੇ ਹਜ਼ਰਤ ਬਿਲਾਲ ਨੂੰ ਸੱਤ ਓਕੀਆ ਵਿੱਚ ਖ਼ਰੀਦਕੇ ਉਹਨਾ ਨੂੰ ਅਜ਼ਾਦ ਕਰ ਦਿਤੱਾ । ਹਜ਼ਰਤ ਆਇਸ਼ਾ ਤੋਂ ਰਿਵਾਇਤ ਹੈ ਕਿ ਹਜ਼ਰਤ ਅਬੂਬਕਰ ਨੇ ਸੱਤ ਅਜਿਹੇ ਗ਼ੁਲਾਮਾਂ ਨੂੰ ਅਜ਼ਾਦ ਕਰਾਇਆ ਜਿੰਨ੍ਹਾ ਨੂੰ ਕਸ਼ਟ ਦਿੱਤੇ ਜਾਂਦੇ ਸਨ । ਇਹਨਾ ਵਿੱਚੋਂ ਹਜ਼ਰਤ ਬਿਲਾਲ ਅਤੇ ਹਜ਼ਰਤ ਆਮਿਰ ਬਿਨ ਫ਼ਹੀਰਾ ਸ਼ਾਮਲ ਸਨ । ਹਜ਼ਰਤ ਜਾਬਿਰ ਬਿਨ ਅਬਦੁਲੱਾਹ ਤੋਂ ਰਿਵਾਇਤ ਹੈ ਕਿ ਹਜ਼ਰਤ ਉਮਰ ਕਿਹਾ ਕਰਦੇ ਸਨ ਕਿ ਅਬੂ ਬਕਰ ਸਾਡੇ ਸਰਦਾਰ ਹਨ ਅਤੇ ਉਹਨਾ ਨੇ ਸਾਡੇ ਸਰਦਾਰ ਅਰਥਾਤ ਬਿਲਾਲ ਨੂੰ ਅਜ਼ਾਦ ਕੀਤਾ । ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਲਹ ਅਨਹੁ ਫ਼ਰਮਾਉਂਦੇ ਹਨ : ਜੱਦ ਰੱਬ ਨੇ ਮੁਸਲਮਾਨਾਂ ਨੂੰ ਮਦੀਨੇ ਵਿੱਚ ਅਮਨ ਦਿਤੱਾ ਜੱਦ ਉਹ ਅਜ਼ਾਦੀ ਨਾਲ ਇਬਾਦਤ ਕਰਨ ਦੇ ਯੋਗ ਹੋ ਗਏ ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਬਿਲਾਲ ਨੂੰ ਆਜ਼ਾਨ ਦੇਣ ਲਈ ਨਿਯੁਕਤ ਕੀਤਾ । ਇਹ ਹਬਸ਼ੀ ਗ਼ੁਲਾਮ ਜੱਦ ਅਜ਼ਾਨ ਵਿੱਚ ਅਸ਼ਹਦੁ ਅੰਨ ਲਾ ਇਲਾਹਾ ਇਲਲੱਾਹੁ ਦੀ ਥਾਂ ਅਸਹਦੁ ਅੰਨ ਲਾ ਇਲਾਹਾ ਇਲਲੱਾਹੁ ਕਹਿੰਦਾ ਤਾਂ ਮਦੀਨੇ ਦੇ ਲੋਕ ਜੋ ਇਸ ਦੇ ਹਾਲਾਤਾਂ ਤੋਂ ਜਾਣੂ ਨਹੀਂ ਸਨ ਹਸੱਣ ਲੱਗ ਜਾਂਦੇ । ਇਕ ਵਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਇਹਨਾ ਲੋਕਾਂ ਨੂੰ ਬਿਲਾਲ ਦੀ ਅਜ਼ਾਨ'ਤੇ ਹਸੱਦਿਆਂ ਦੇਖਿਆ ਤਾਂ ਆਪ ਲੋਕਾਂ ਵੱਲ ਪਰਤੇ ਅਤੇ ਕਿਹਾ ਤੁਸੀਂ ਬਿਲਾਲ ਦੀ ਅਜ਼ਾਨ'ਤੇ ਹਸੱਦੇ ਹੋ ਪਰ ਰੱਬ ਅਰਸ਼'ਤੇ ਇਸ ਦੀ ਅਜ਼ਾਨ ਸੁਣਕੇ ਖ਼ੁਸ਼ ਹੁੰਦਾ ਹੈ । ਆਪਦਾ ਸੰਕੇਤ ਇਸੇ ਵੱਲ ਸੀ ਕਿ ਤੁਹਾਨੂੰ ਇਹ ਦਿਖਾਈ ਦਿੰਦਾ ਹੈ ਇਹ ਸ਼ੀਨ (ਸ਼) ਨਹੀਂ ਬੋਲ ਸਕਦਾ ਪਰ ਸ਼ੀਨ (ਸ਼) ਤੇ ਸੀਨ (ਸ) ਵਿੱਚ ਰੱਖਿਆ ਕੀ ਹੈ ਰੱਬ ਜਾਣਦਾ ਹੈ ਕਿ ਕਿ ਜੱਦ ਤਪੱਦੀ ਰੇਤ'ਤੇ ਨੰਗੀ ਪਿੱਠ ਨਾਲ ਇਸ ਨੂੰ ਲੰਮੇ ਪਾ ਦਿਤੱਾ ਜਾਂਦਾ ਸੀ ਅਤੇ ਇਸ ਦੇ ਸੀਨੇ (ਹਿੱਕ) ਉਪੱਰ ਜ਼ਾਲਮ ਆਪਣੀ ਜੁੱਤੀਆਂ ਸਣੇ ਚੜ੍ਹ ਜਾਇਆ ਕਰਦੇ ਸਨ ਅਤੇ ਪੁਛੱਦੇ ਸਨ ਕਿ ਕੀ ਹੁਣ ਸਬਕ ਆਇਆ ਕਿ ਨਹੀਂ ਇਹ ਆਪਣੀ ਟੁੱਟੀ ਭੱਜੀ ਬੋਲੀ ਵਿੱਚ ਅਹਦ ਅਹਦ ਕਹਿ ਕੇ ਰੱਬ ਦੀ ਤੌਹੀਦ (ਇਕ ਈਸ਼ਵਰਵਾਦ) ਦਾ ਐਲਾਨ ਕਰਦਾ ਰਹਿੰਦਾ ਸੀ ਅਤੇ ਆਪਣੀ ਵਫ਼ਾਦਾਰੀ ਤੇ ਆਪਣੀ ਤੌਹੀਦ ਦੇ ਅਕੀਦੇ ਉਪੱਰ ਆਪਣੇ ਦਿਲ ਦੀ ਮਜ਼ਬੂਤੀ ਦਾ ਪ੍ਰਮਾਣ ਦਿੰਦਾ ਸੀ । ਸੋ, ਇਸ ਦਾ ਅਸਹਦੁ ਬਹੁਤ ਸਾਰੇ ਲੋਕਾਂ ਦੇ ਅਸ਼ਹਦੁ ਨਾਲੋਂ ਬਹੁਮੁੱਲ ਸੀ । ਹਜ਼ਰਤ ਬਿਲਾਲ ਦੀ ਗਿਣਤੀ 'ਅਸੱਾਬਿਕੂਨਲ ਅਵੱਾਲੂਨ' (ਪਹਿਲਾਂ ਆਉਣ ਵਾਲਿਆਂ) ਵਿੱਚ ਹੁੰਦਾ ਹੈ । ਆਪ ਨੇ ਉਸ ਸਮੇਂ ਇਸਲਾਮ ਦਾ ਐਲਾਨ ਕੀਤਾ ਜੱਦ ਕੇਵਲ ਸੱਤ ਵਿਅਕਤੀਆਂ ਨੂੰ ਇਸ ਦਾ ਸੰਜੋਗ ਪ੍ਰਾਪਤ ਹੋਇਆ ਸੀ ।

ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਹਜ਼ਰਤ ਬਿਲਾਲ ਦੇ ਪਹਿਲੇ ਜ਼ਮਾਨੇ ਵਿੱਚ ਇਮਾਨ ਲਿਆਉਣ ਦਾ ਜ਼ਿਕਰ ਕਰਦਿਆਂ ਹੋਇਆਂ ਇਕ ਥਾਂ ਇਉਂ ਫ਼ਰਮਾਉਦੇ ਹਨ ਕਿ ਹਜ਼ਰਤ ਖ਼ਬਾਬ ਰਜ਼ੀ ਅਲੱਾਹ ਅਨਹੁ ਜੋ 'ਅਸੱਾਬਿਕੂਨਲ ਅਵੱਾਲੂਨ' ਸਹਾਬਾ ਵਿੱਚੋਂ ਸਨ ਅਤੇ ਜਿੰਨ੍ਹਾ ਬਾਰੇ ਇਹ ਮਤਿਭੇਦ ਹੈ ਕਿ ਉਹਨਾ ਨੇ ਪਹਿਲਾਂ ਬੈਅਤ ਕੀਤੀ ਜਾਂ ਬਿਲਾਲ ਨੇ ਕਿਉਂਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਇਆ ਕਿ ਇਕ ਗ਼ੁਲਾਮ ਅਤੇ ਇਕ ਹੁਰ ਨੇ ਸਭ ਤੋਂ ਪਹਿਲਾਂ ਮੈਨੂੰ ਕੁਬੂਲ ਕੀਤਾ ਸੀ । ਕਈ ਲੋਕ ਇਸ ਤੋਂ ਹਜ਼ਰਤ ਬਿਲਾਲ ਅਤੇ ਹਜ਼ਰਤ ਅਬੂਬਕਰ ਨੂੰ ਮੁਰਾਦ ਲੈਂਦੇ ਹਨ ਅਤੇ ਕਈ ਕਹਿੰਦੇ ਹਨ ਕਿ ਇਸ ਤੋਂ ਮੁਰਾਦ ਹਜ਼ਰਤ ਅਬੂਬਕਰ ਅਤੇ ਹਜ਼ਰਤ ਖ਼ਬਾਬ ਹਨ ।

ਤਬਕਾਤੁਲ ਕੁਬਰਾ ਵਿੱਚ ਲਿੱਖਿਆ ਹਜ਼ਰਤ ਬਿਲਾਲ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਬਦਰ, ਉਹਦ ਅਤੇ ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਸ਼ਾਮਲ ਹੋਏ । ਬਦਰ ਦੀ ਜੰਗ ਵਿੱਚ ਹਜ਼ਰਤ ਬਿਲਾਲ ਨੇ ਉਮਯੱਾ ਬਿਨ ਖ਼ਲਫ਼ ਨੂੰ ਕਤਲ ਕੀਤਾ ਜੋ ਇਸਲਾਮ ਦਾ ਬਹੁਤ ਵਡੱਾ ਦੁਸ਼ਮਣ ਸੀ ਅਤੇ ਹਜ਼ਰਤ ਬਿਲਾਲ ਨੂੰ ਇਸਲਾਮ ਲਿਆਉਣ ਕਰਕੇ ਬਹੁਤ ਦੁੱਖ ਦਿਆ ਕਰਦਾ ਸੀ । ਉਮਯੱਾ ਬਿਨ ਖ਼ਲਫ਼ ਦੇ ਕਤਲ ਦੀ ਘਟਨਾ ਸਹੀ ਬੁਖ਼ਾਰੀ ਵਿੱਚ ਵਰਨਣ ਹੋਈ ਹੈ ਜਿਸ ਨੂੰ ਖ਼ਬੀਬ ਬਿਨ ਅਸਾਫ਼ ਦੇ ਜ਼ਿਕਰ ਵਿੱਚ ਪਹਿਲਾਂ ਵਰਨਣ ਕਰ ਚੁੱਕਿਆ ਹਾਂ ।

ਇਕ ਰਿਵਾਇਤ ਵਿੱਚ ਆਉਂਦਾ ਹੈ ਕਿ ਹਜ਼ਰਤ ਬਿਲਾਲ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਸੈਕ੍ਰੇਟਰੀ ਜਾਂ ਖ਼ਜ਼ਾਨਚੀ ਵੀ ਸਨ । ਹਜ਼ਰਤ ਅਨਸ ਬਿਨ ਮਾਲਕ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਮੈਂਨੂੰ ਫ਼ਰਮਾਇਆ ਕਿ ਮੈਂਨੂੰ ਰੱਬ ਖ਼ਾਤਰ ਐਨੇ੍ਹ ਦੁੱਖ ਦਿੱਤੇ ਗਏ ਜਿੰਨੇ੍ਹ ਕਿਸੇ ਨੂੰ ਨਹੀਂ ਦਿੱਤੇ ਜਾ ਸਕਦੇ, ਮੈਂਨੂੰ ਰੱਬ ਖ਼ਾਤਰ ਐਨ੍ਹਾ ਡਰਾਇਆ ਗਿਆ ਜਿੰਨ੍ਹਾ ਕਿਸੇ ਨੂੰ ਨਹੀਂ ਡਰਾਇਆ ਜਾ ਸਕਦਾ ਅਤੇ ਮੇਰੇ'ਤੇ ਤੀਜੀ ਰਾਤ ਆ ਜਾਂਦੀ ਕਿ ਮੇਰੇ ਤੇ ਬਿਲਾਲ ਕੋਲ ਕੋਈ ਅਜਿਹਾ ਖਾਣਾ ਨ ਹੁੰਦਾ ਜਿਸ ਨੂੰ ਕੋਈ ਜਾਨਦਾਰ ਖਾ ਸਕੇ ਪਰ ਐਨ੍ਹਾ ਜਿਸ ਨੂੰ ਬਿਲਾਲ ਦੀ ਕੱਛ ਲੁਕਾ ਸਕਦੀ।

ਹਜ਼ਰਤ ਬਿਲਾਲ ਨੂੰ ਸਭ ਤੋਂ ਪਹਿਲਾ 'ਮੁਅਜ਼ੱਨ' (ਅਜ਼ਾਨ ਦੇਣ ਵਾਲਾ) ਹੋਣ ਦਾ ਮਾਣ ਵੀ ਪ੍ਰਾਪਤ ਹੋਇਆ । ਹਜ਼ਰਤ ਬਿਲਾਲ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਸਾਰੇ ਜੀਵਨ ਕਾਲ ਵਿੱਚ ਉਹਨਾ ਲਈ ਸਫ਼ਰ ਤੇ ਅਮਨ ਵਿੱਚ ਮੁਅਜ਼ੱਨ ਰਹੇ ਅਤੇ ਆਪ ਇਸਲਾਮ ਵਿੱਚ ਪਹਿਲੇ ਵਿਅਕਤੀ ਸਨ ਜਿੰਨ੍ਹਾ ਨੇ ਅਜ਼ਾਨ ਦਿੱਤੀ ।

ਮੁਹਮੱਦ ਬਿਨ ਅਬਦੁਲੱਾਹ ਬਿਨ ਜ਼ੈਦ ਆਪਣੇ ਪਿਤਾ ਤੋਂ ਰਿਵਾਇਤ ਕਰਦੇ ਹਨ ਕਿ ਉਹਨਾ ਨੇ ਬਿਆਨ ਕੀਤਾ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਨਮਾਜ਼ ਵਾਸਤੇ ਬੁਲਾਉਣ ਲਈ ਬਿਗੁਲ ਦਾ ਸੋਚਿਆ ਫਿਰ ਨਾਕੂਸ (ਸੰਖ) ਵਜਾਉਣ ਦਾ ਫ਼ਰਮਾਨ ਦਿਤੱਾ, ਸੋ ਉਹ ਬਣਾਇਆ ਗਿਆ ਫਿਰ ਹਜ਼ਰਤ ਅਬਦੁਲੱਾਹ ਬਿਨ ਜ਼ੈਦ ਨੂੰ ਇਕ ਸੁਪਨਾ ਦਿਖਾਇਆ ਗਿਆ, ਉਹਨਾ ਨੇ ਦੱਸਿਆ ਕਿ ਮੈਂ ਸੁਪਨੇ ਵਿੱਚ ਇਕ ਵਿਅਕਤੀ ਨੂੰ ਦੇਖਿਆ ਜਿਸ'ਤੇ ਦੋ ਹਰੇ ਰੰਗ ਦੇ ਕਪੜੇ ਸਨ ਅਤੇ ਉਹ ਵਿਅਕਤੀ ਸੰਖ ਚੁੱਕੇ ਹੋਏ ਸੀ ਮੈਂ ਉਸ ਨੂੰ ਸੁਪਨੇ ਵਿੱਚ ਹੀ ਕਿਹਾ ਕਿ ਹੇ ਰੱਬ ਦੇ ਬੰਦੇ ਤੁਸੀਂ ਇਸ ਸ਼ੰਖ ਨੂੰ ਵੇਚੋਗੇ ? ਉਸ ਨੇ ਕਿਹਾ ਕਿ ਤੁਸੀਂ ਇਸ ਦਾ ਕੀ ਕਰੋਗੇ । ਮੈਂ ਕਿਹਾ ਕਿ ਮੈਂ ਇਸ ਰਾਹੀਂ ਲੋਕਾਂ ਨੂੰ ਨਮਾਜ਼ ਲਈ ਬੁਲਾਇਆ ਕਰਾਂਗਾ । ਉਸ ਨੇ ਕਿਹਾ ਕਿ ਮੈਂ ਤੈਨੂੰ ਇਸ ਤੋਂ ਚੰਗਾ ਨਾ ਦਸੱਾਂ । ਮੈਂ ਕਿਹਾ ਉਹ ਕੀ ਹੈ ਉਸ ਨੇ ਕਿਹਾ, ਫਿਰ ਉਹ ਅਜ਼ਾਨ ਦੇ ਸ਼ਬਦ ਸੁਣਾਏ । ਰਾਵੀ (ਰਿਵਾਇਤ ਕਰਨ ਵਾਲੇ) ਕਹਿੰਦੇ ਹਨ ਕਿ ਹਜ਼ਰਤ ਅਬਦੁਲੱਾਹ ਬਿਨ ਜ਼ੈਦ ਨਿਕਲੇ ਅਤੇ ਉਹ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਕੋਲ ਆਏ ਅਤੇ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੂੰ ਆਪਣਾ ਸੁਪਨਾ ਸੁਣਾਇਆ। ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਸਹਾਬਾ ਨੂੰ ਫ਼ਰਮਾਇਆ ਕਿ ਤੁਹਾਡੇ ਮਿਤੱਰ ਨੇ ਸੁਪਨਾ ਦੇਖਿਆ ਹੈ । ਫਿਰ ਅਬਦੁਲੱਾਹ ਬਿਨ ਜ਼ੈਦ ਨੂੰ ਕਿਹਾ ਕਿ ਤੁਸੀਂ ਬਿਲਾਲ ਦੇ ਨਾਲ ਮਸਜਿਦ ਵਿੱਚ ਜਾਓ ਅਤੇ ਉਸ ਨੂੰ ਇਹ ਵਾਕ ਦਸੱਦੇ ਜਾਓ ਅਤੇ ਉਹ ਇਹਨਾ ਨੂੰ ਉੱਚੀ ਅਵਾਜ਼ ਵਿੱਚ ਬੋਲਣ ਕਿ ਉਹ ਤੁਹਾਡੀ ਤੁਲਨਾ ਵਿੱਚ ਉਹ ਬਹੁਤੀ ਉੱਚੀ ਅਵਾਜ਼ ਵਾਲੇ ਹਨ । ਹਜ਼ਰਤ ਅਬਦੁਲੱਾਹ ਬਿਨ ਜ਼ੈਦ ਨੇ ਕਿਹਾ ਮੈਂ ਬਿਲਾਲ ਦੇ ਨਾਲ ਮਸਜਿਦ ਵੱਲ ਗਿਆ ਅਤੇ ਮੈਂ ਉਹਨਾ ਨੂੰ ਇਹ ਵਾਕ ਦਸੱਦਾ ਜਾਂਦਾ ਅਤੇ ਉਹ ਬੁਲੰਦ ਅਵਾਜ਼ ਨਾਲ ਬੋਲਦੇ ਜਾਂਦੇ । ਜੱਦ ਬਿਲਾਲ ਨੇ ਇਹਨਾ ਸ਼ਬਦਾਂ ਵਿੱਚ ਪਹਿਲੀ ਵਾਰ ਅਜ਼ਾਨ ਦਿੱਤੀ ਤਾਂ ਹਜ਼ਰਤ ਉਮਰ ਇਸ ਨੂੰ ਸੁਣਕੇ ਛੇਤੀ ਛੇਤੀ ਆਪ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ਅੱਜ ਜਿੰਨ੍ਹਾ ਸ਼ਬਦਾਂ ਵਿੱਚ ਬਿਲਾਲ ਨੇ ਅਜ਼ਾਨ ਦਿੱਤੀ ਹੈ ਠੀਕ ਇਸੇ ਪ੍ਰਕਾਰ ਇਹੇ ਸ਼ਬਦ ਮੈਂ ਵੀ ਸੁਪਨੇ ਵਿੱਚ ਦੇਖੇ ਹਨ ਅਤੇ ਇਕ ਰਿਵਾਇਤ ਵਿੱਚ ਇਹ ਹੈ ਕਿ ਜੱਦ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੇ ਅਜ਼ਾਨ ਦੇ ਸ਼ਬਦਾਂ ਨੂੰ ਸੁਣਿਆ ਤਾਂ ਫ਼ਰਮਾਇਆ ਇਸੇ ਮੁਤਾਬਕ ਵਹੀ ਵੀ ਹੋ ਚੁਕੀ ਹੈ । ਭਾਵ ਇਸ ਪ੍ਰਕਾਰ ਵਰਤਮਾਨ ਅਜ਼ਾਨ ਦਾ ਤਰੀਕਾ ਅਰੰਭ ਹੋਇਆ । ਇਹ ਤਰੀਕਾ ਅਜਿਹਾ ਮੁਬਾਰਕ ਤੇ ਮਨਭਾਉਂਦਾ ਹੈ ਕਿ ਕੋਈ ਦੂਜਾ ਤਰੀਕਾ ਇਸਦਾ ਮੁਕਾਬਲਾ ਨਹੀਂ ਕਰ ਸਕਦਾ । ਭਾਵ ਪ੍ਰਤੀਦਿਨ ਪੰਜ ਸਮੇਂ ਇਸਲਾਮੀ ਦੁਨੀਆ ਦੇ ਹਰ ਸ਼ਹਿਰ ਤੇ ਪਿੰਡ ਵਿੱਚ ਹਰ ਮਸਜਿਦ ਵਿੱਚੋਂ ਰੱਬ ਦੀ ਤੌਹੀਦ ਅਤੇ ਮੁਹਮੱਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਰਸਾਲਤ ਦੀ ਅਵਾਜ਼ ਬੁਲੰਦ ਹੁੰਦੀ ਹੈ ਅਤੇ ਇਸਲਾਮੀ ਸਿੱਖਿਆ ਦਾ ਸਾਰ ਅਤਿਅੰਤ ਸੁੰਦਰ, ਸੰਖੇਪ ਤੇ ਸੰਪੂਰਨ ਸ਼ਬਦਾਂ ਵਿੱਚ ਲੋਕਾਂ ਤੱਕ ਪਹੁੰਚਾ ਦਿਤੱਾ ਜਾਂਦਾ ਹੈ ।

ਮੂਸਾ ਬਿਨ ਮੁਹਮੱਦ ਆਪਣੇ ਪਿਤਾ ਤੋਂ ਰਿਵਾਇਤ ਕਰਦੇ ਹਨ ਕਿ ਹਜ਼ਰਤ ਬਿਲਾਲ ਜੱਦ ਅਜ਼ਾਨ ਦੇਕੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਸੂਚਨਾ ਦੇਣਾ ਚਾਹੁੰਦੇ ਤਾਂ ਆਪ ਸਲਲੱਾਹੁ ਅਲੈਹਿ ਵਸਲਮ ਦੇ ਦਾਵਾਜ਼ੇ'ਤੇ ਖੜੇ ਹੋ ਜਾਂਦੇ ਅਤੇ

ਕਹਿੰਦੇ ਹਯੱਾ ਅਲਸ ਸਲਾਤ ਹਯੱਾ ਅਲਲ ਫ਼ਲਾਹ, ਅਸੱਲਾਤੁ ਯਾ ਰਸੂਲੁਲੱਾਹ ਅਰਥਾਤ ਨਮਾਜ਼ ਲਈ ਆਓ ਸਫ਼ਲਤਾ ਤੇ ਕਾਮਯਾਬੀ ਲਈ ਆਓ । ਨਮਾਜ਼ ਹੇ ਰਸੂਲੁਲੱਾਹ । ਜੱਦ ਰਸੂਲੁਲੱਾਹ ਸਲਲੱਾਹੁ ਅਲੈਹਹਿ ਵਸਲਮ ਨਮਾਜ਼ ਲਈ ਨਿਕਲਦੇ ਅਤੇ ਹਜ਼ਰਤ ਬਿਲਾਲ ਨੂੰ ਦੇਖ ਲੈਂਦੇ ਤਾਂ ਇਕਾਮਤ ਸ਼ੁਰੂ ਕਰ ਦਿੰਦੇ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹ ਸਪਸ਼ਟ ਨਹੀਂ ਹੈ । ਇਕਾਮਤ ਤਾਂ ਉਸੇ ਸਮੇਂ ਹੋਵੇਗੀ ਜੱਦ ਇਮਾਮ ਮਿਹਰਾਬ (ਇਮਾਮ ਦੇ ਖੜੇ ਹੋਣ ਦੀ ਥਾਂ) ਵਿੱਚ ਆ ਜਾਏ । ਸੁਨਨ ਇਬਨੇ ਮਾਜਾ ਵਿੱਚ ਹਜ਼ਰਤ ਬਿਲਾਲ ਤੋਂ ਰਿਵਾਇਤ ਹੈ ਕਿ ਉਹ ਫ਼ਜਰ ਦੀ ਨਾਮਜ਼ ਦੀ ਸੂਚਨਾ ਦੇਣ ਲਈ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੀ ਸੇਵਾ ਵਿੱਚ ਹਾਜ਼ਰ ਹੋਏ, ਉਹਨਾ ਨੂੰ ਕਿਹਾ ਗਿਆ ਕਿ ਆਪ ਸੁੱਤੇ ਹੋਏ ਹਨ ਤਾਂ ਹਜ਼ਰਤ ਬਿਲਾਲ ਦੇ ਕਿਹਾ ਕਿ :

الصلوٰۃخیرمن النوم۔ الصلوٰۃخیرمن النوم ਅਸੱਲਾਤੁ ਖ਼ੈਰੁੰਮ ਮਿਨਨ ਨੌਮ, ਅਸੱਲਾਤੁ ਖ਼ੈਰੁੰਮ ਮਿਨਨ ਨੌਮ

ਫਿਰ ਫ਼ਜਰ ਦੀ ਅਜ਼ਾਨ ਵਿੱਚ ਇਹਨਾ ਵਾਕਾਂ ਦਾ ਵਾਧਾ ਕਰ ਦਿਤੱਾ ਗਿਆ ਅਤੇ ਇਹੋ ਤਰੀਕਾ ਕਾਇਮ ਹੋ ਗਿਆ । ਇਕ ਦੂਜੀ ਰਿਵਾਇਤ ਵਿੱਚ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ, ਹੇ, ਬਿਲਾਲ ਇਹ ਕਿੰਨ੍ਹੇ ਉਮਦਾ ਕਲਮੇ ਹਨ ਤੁਸੀਂ ਆਪਣੀ ਫ਼ਜਰ ਦੀ ਅਜ਼ਾਨ ਵਿੱਚ ਸ਼ਮਾਲ ਕਰ ਲਓ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਤਿੰਨ ਮੁਅਜ਼ੱਨ ਸਨ । ਹਜ਼ਰਤ ਬਿਲਾਲ, ਅਬੂ ਮਹਜ਼ੂਰਹ, ਉਮਰੋ ਬਿਨ ਉਮੇ ਮਕਤੂਮ ।

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ ਅਜੇ ਕੁਝ ਥੋੜਾ ਜਿਹਾ ਇਹਨਾ ਦਾ ਜ਼ਿਕਰ ਬਾਕੀ ਹੈ ਜੋ ਇਨਸ਼ਾਅਲੱਾਹ ਭਵਿੱਖ ਵਿੱਚ ਵਰਨਣ ਹੋਵੇਗਾ । ਇਸ ਦੇ ਬਾਦ ਹਜ਼ੂਰ ਅਨਵਰ ਨੇ ਅਜ਼ੀਜ਼ਮ ਰਊਫ਼ ਬਿਨ ਮਕਸੂਦ ਜੂਨੀਅਰ ਬੈਲਜੀਅਮ ਵਿਦਿਆਰਥੀ ਜਾਮਿਆ ਅਹਮਦੀਆ ਯੂਕੇ, ਮੁਕਰੱਮ ਜ਼ਫ਼ਰ ਇਕਬਾਲ ਕੁਰੈਸ਼ੀ ਸਾਹਬ ਸਾਬਕਾ ਨਾਇਬ ਅਮੀਰ ਜ਼ਿਲਾ ਇਸਾਮਾਬਾਦ, ਆਨਰੇਬਲ ਕਾਬੀਨੇ ਕਾਵਾਜਾਕਾਟਾ ਸਾਹਬ ਆਫ਼ ਸਨੇਗਾਲ ਅਤੇ ਮੁਕਰੱਮ ਮੁਬਸ਼ੱਰ ਲਤੀਫ਼ ਸਾਹਬ ਐਡਵੋਕੇਟ ਸੁਪਰੀਮ ਕੋਰਟ ਪਾਕਿਸਤਾਨ ਵਰਤਾਨ ਕੈਨੇਡਾ ਦੇ ਸਦਗੁਣਾ ਦਾ ਜ਼ਿਕਰ ਕਰਦਿਆਂ ਹੋਇਆਂ ਮਰਹੂਮੀਨ ਦੇ ਦਰਜਿਆ ਦੀ ਬੁਲੰਦੀ ਲਈ ਅਤੇ ਬਖ਼ਸ਼ਿਸ਼ ਲਈ ਦੁਆ ਕੀਤੀ ਅਤੇ ਫ਼ਰਮਾਇਆ ਕਿ ਜੁਮਏ ਦੀ ਨਮਾਜ਼ ਦੇ ਬਾਦ ਇਹਨਾ ਸਾਰਿਆਂ ਦੀ ਨਮਾਜ਼ ਜਨਾਜ਼ਾਹ ਗ਼ਾਇਬ ਵੀ ਹੋਵੇਗੀ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ أَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمکم اللّٰہ اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 11.09.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131